## ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਲਿਮਟਿਡ ਚੰਡੀਗੜ੍ਹ

### "ਦਫਤਰੀ ਹੁਕਮ"

ਨਿਗਮ ਦੇ ਸਮੂਹ ਕਰਮਚਾਰੀਆਂ/ਅਧਿਕਾਰੀਆਂ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਭਾਰਤ ਦੇਸ਼ ਦੀ ਏਕਤਾ, ਇਕਸਾਰਤਾ ਅਤੇ ਸੁਰੱਖਿਆ ਨੂੰ ਹੋਰ ਵੀ ਮਜ਼ਬੂਤ **(strengthen)** ਕਰਨ ਲਈ ਭਾਰਤ ਸਰਕਾਰ ਵਲੋਂ **ਹਰ ਸਾਲ 31 ਅਕਤੂਬਰ ਨੂੰ ਸਰਦਾਰ ਵੱਲਭਭਾਈ ਪਟੇਲ ਦੀ ਯਾਦ ਵਿੱਚ ਬਤੌਰ ਰਾਸ਼ਟਰੀ ਏਕਤਾ ਦਿਵਸ (National Unity Day) ਮਨਾਇਆ ਜਾਂਦਾ ਹੈ।**

ਭਾਰਤ ਸਰਕਾਰ ਵੱਲੋਂ ਇਸ ਮੌਕੇ ਤੇ ਇਕ ਸਹੁੰ ਚੁੱਕ ਸਮਾਰੋਹ ਆਯੋਜਿਤ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਸਹੁੰ ਦੀ ਕਾਪੀ ਨਾਲ ਨੱਥੀ ਹੈ। ਪੰਜਾਬ ਸਰਕਾਰ ਵੱਲੋਂ ਮਿਤੀ 25.09.2017 ਰਾਹੀਂ ਇਹ ਹਦਾਇਤਾ ਜਾਰੀ ਕੀਤੀਆਂ ਗਈਆਂ ਹਨ ਕਿ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ, ਦਫਤਰਾਂ, ਸਥਾਨਕ ਸੰਸਥਾਵਾਂ **(Local Bodies)**, ਪੀ.ਐਸ.ਯੂਜ਼**(PSUs)**, ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਮਿਤੀ 31-10-2017 ਨੂੰ ਸਵੇਰੇ 11:00 ਵਜੇ ਸਹੁੰ ਚੁੱਕਣਾ ਯਕੀਨੀ ਬਣਾਉਣ।

ਇਸ ਸਬੰਧ ਵਿੱਚ ਨਿਗਮ ਵੱਲੋਂ ਮਿਤੀ 31-10-2017 ਨੂੰ ਸਵੇਰੇ 11:00 ਵਜੇ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾ ਮੁਤਾਬਕ ਸਹੁੰ ਚੁੱਕ ਸਮਾਰੋਹ ਆਯੋਜਿਤ ਕੀਤਾ ਜਾਵੇਗਾ। ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 31.10.2017 ਨੂੰ ਸਵੇਰੇ 11:00 ਵਜੇ ਸਹੁੰ ਚੁੱਕ ਸਮਾਰੋਹ ਵਿੱਚ ਸ਼ਾਮਿਲ ਹੋਣ ਦੀ ਖੇਚਲ ਕਰਨ ਜੀ।

ਪ੍ਰਬੰਧਕ ਨਿਰਦੇਸ਼ਕ

ਪਿੱਠ ਅੰਕਣ ਨੰ ਪਲਉਨਿਨਿ/ਪ੍ਰਸੋਨਲ/ਸ-6/ 17685-88 ਮਿਤੀ: 24.10.2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

1. ਸਮੂਹ ਫੰਕਸ਼ਨਲ ਮੁੱਖੀ(ਮੁੱਖ ਦਫ਼ਤਰ)
2. ਪੀ.ਐਸ. ਟੂ ਐਮ.ਡੀ/ ਪੀ.ਐਸ. ਟੂ ਏ.ਐਮ.ਡੀ
3. ਸਮੂਹ ਅਧਿਕਾਰੀ ਅਤੇ ਕਰਮਚਾਰੀ(ਮੁੱਖ ਦਫ਼ਤਰ)
4. ਨੋਟਿਸ ਬੋਰਡ

ਮਹਾਂ ਪ੍ਰਬੰਧਕ (ਪ੍ਰਸੋਨਲ)

O/C